## Gurmat March dedicated to the martyrdom of Sahibzada

The martyrdom of Guru Gobind Singh's four sons is unprecedented and unique in the history of the world. A special Gurmat March dedicated to the martyrdom of Sahibzada was organized on 23 December,2021 by the staff and students of Sri Guru Tegh Bahadur Khalsa College.



ਪੰਜਾਬ ਟਾਇਮਜ਼

# ਖਾਲਸਾ ਕਾਲਜ ਵੱਲੋਂ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੱਢਿਆ ਗਿਆ ਗੁਰਮਤਿ ਮਾਰਚ

ਪੰਜਾਬ ਟਾਇਮਜ਼ ਖ਼ਬਰ

ਸ਼੍ਰੀ ਅਨੰਦਪੁਰ ਸਾਹਿਬ, 24 ਦਸੰਬਰ (ਦਵਿੰਦਰਪਾਲ ਸਿੰਘ, ਅੰਕੁਸ਼)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਐਸ.ਜੀ.ਪੀ.ਸੀ ਅਧੀਨ ਚੱਲ ਰਹੀ ਇਲਾਕੇ ਦੀ ਨਾਮਵਾਰ ਸੰਸਥਾ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਅਥਾਹ ਸ਼ਰਧਾ ਨਾਲ ਗੁਰਮਤਿ ਮਾਰਚ ਕੱਢਿਆ ਗਿਆ।ਇਸ ਦੌਰਾਨ ਸਵੇਰ ਸਮੇਂ ਕਾਲਜ ਗੁਰਦੁਆਰਾ ਸਾਹਿਬ ਵਿੱਚ ਜਪੁਜੀ ਸਾਹਿਬ ਤੇ ਚੌਪਈ ਸਾਹਿਬ ਦੇ ਪਾਠ ਕੀਤੇ ਗਏ ਜਿਸ ਉਪਰੰਤ ਐਸ.ਜੀ.ਪੀ.ਸੀ ਦੇ ਇਲਾਕੇ ਦੇ ਪ੍ਰਚਾਰਕ ਸਿੰਘ, ਗਿਆਨੀ ਫਰਿਆਦ ਸਿੰਘ ਦੁਆਰਾ ਕਥਾ ਵਿਚਾਰ ਕੀਤਾ ਗਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਸ਼ਹੀਦਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਵਿਦਿਆਰਥੀਆਂ ਨੂੰ ਸ਼ਹੀਦਾਂ ਦੁਆਰਾ ਪਾਏ ਗਏ ਪੂਰਨਿਆਂ 'ਤੇ ਚੱਲਣ ਲਈ ਪ੍ਰੇਰਿਆ ਅਤੇ ਗੁਰਮਤਿ ਮਾਰਚ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।ਬਾਅਦ ਦੁਪਿਹਰ ਪ੍ਰਿੰਸੀਪਲ ਸਾਹਿਬ ਦੀ ਅਗਵਾਈ ਅਧੀਨ ਸਮੂਹ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਗੁਰਮਤਿ ਮਾਰਚ ਦਾ ਪ੍ਰਾਰੰਭ ਕੀਤਾ ਗਿਆ ਜੋ ਕਿ ਪੰਜ ਪਿਆਰਾ ਬਾਗ,ਗੁ.ਸ਼ਹੀਦੀ ਬਾਗ, ਭਗਤ ਰਵਿਦਾਸ ਚੌਕ ਅਤੇ ਮੇਨ ਮਾਰਕਿਟ ਆਨੰਦਪੁਰ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਪੁੱਜਿਆ ਜਿੱਥੇ ਐਸ.ਜੀ.ਪੀ.ਸੀ ਧਰਮ ਪ੍ਰਚਾਰਕ ਨੌਸ਼ੇਵਰਜੀਤ ਸਿੰਘ ਅਤੇ ਗਿਆਨੀ ਫਰਿਆਦ ਸਿੰਘ ਵੱਲੋਂ ਗੁਰਮਤਿ ਮਾਰਚ ਦਾ ਸਵਾਗਤ ਕੀਤਾ ਗਿਆ।ਇਹ ਗੁਰਮਿਤ ਮਾਰਚ ਖਾਲਸਾਈ ਸ਼ਾਨੋ-ਸ਼ੌਕਤ ਨਾਲ ਭਰਪੂਰ ਸੀ ਜਿਸ ਵਿੱਚ ਵਿਦਿਆਰਥੀਆਂ ਨੇ ਕੇਸਰੀ ਨਿਸ਼ਾਨ ਅਤੇ ਝੰਡੇ ਫੜੇ ਹੋਏ ਸਨ ਅਤੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਦੁਆਰਾ ਜੋਸ਼ਮਈ ਤੇ ਵੈਰਾਗਮਈ ਤਰੀਕੇ ਨਾਲ ਸ਼ਬਦ ਵੀ ਪੜ੍ਹੇ ਗਏ।ਇਸ ਮੌਕੇ ਕਾਲਜ ਵਾਇਸ ਪ੍ਰਿੰਸੀਪਲ ਡਾ.ਮਨਿੰਦਰਜੀਤ ਕੌਰ ਕੰਗ, ਡਾ.ਪਰਮਜੀਤ ਕੌਰ, ਡਾ.ਮਲਕੀਤ ਸਿੰਘ, ਪ੍ਰੋ.ਹਰਜਿੰਦਰ ਸਿੰਘ ਬਲੌਂਗ, ਡਾ.ਰਵਿੰਦਰ ਸਿੰਘ ਰੇਖੀ ਤੋਂ ਇਲਾਵਾ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਭਰਪੂਰ ਯੋਗਦਾਨ ਪਾਇਆ।